ਅਜੀਤ

ਸੋਮਵਾਰ, 13 ਮਾਰਚ, 2017



ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ, ਬੇਲਾ ਵਿਖੇ ਅੱਜ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਉਣ ਮੌਕੇ ਸਮਾਗਮ ਦੌਰਾਨ ਵੱਖ-ਵੱਖ ਗਤੀਵਿਧੀਆਂ ਵਿੱਚ ਮੱਲਾਂ ਮਾਰਨ ਵਾਲੀਆਂ ਸਨਮਾਨਿਤ ਲੜਕੀਆਂ ਦਵਿੰਦਰ ਸਿੰਘ ਜਟਾਣਾ, ਪ੍ਰਿੰ: ਸੁਰਮੁੱਖ ਅਤੇ ਸਟਾਫ਼ ਮੈਂਬਰਾਂ ਨਾਲ। ਤਸਵੀਰਾਂ : ਮਨਜੀਤ ਸਿੰਘ ਸੈਣੀ

ਅਜੀਤ
ਸ਼ਨਿਚਰਵਾਰ, 18 ਮਾਰਚ, 2017

# ਦੋ ਰੋਜ਼ਾ ਜ਼ਿਲ੍ਹਾ ਪੱਧਰੀ ਯੁਵਕ ਮੇਲਾ ਧੂਮ-ਧੜੱਕੇ ਨਾਲ ਸ਼ੁਰੂ

*** ਗਿੱਧੇ ਦੀ ਟਰਾਫ਼ੀ ਸਰਕਾਰੀ ਕਾਲਜ ਰੋਪੜ ਨੇ ਜਿੱਤੀ * ਯੁਵਕ ਮੇਲਿਆਂ ਰਾਹੀਂ ਵਿਦਿਆਰਥੀਆਂ ਨੂੰ ਆਪਣੀ ਸ਼ਖ਼ਸੀਅਤ ਨਿਖਾਰਨ ਦਾ ਮੌਕਾ ਮਿਲਦਾ ਹੈ-ਕੈਪਟਨ ਚੀਮਾ**

ਰੂਪਨਗਰ, 17 ਮਾਰਚ (ਸਤਨਾਮ ਸਿੰਘ ਸੱਤੀ)-ਸਰਕਾਰੀ ਕਾਲਜ ਰੂਪਨਗਰ ਵਿਖੇ ਯੁਵਕ ਸੇਵਾਵਾਂ ਵਿਭਾਗ ਪੰਜਾਬ ਦੀ ਨਿਰਦੇਸ਼ਨਾਂ ਹੇਠ ਰੂਪਨਗਰ ਯੁਵਕ ਸੇਵਾਵਾਂ ਵਿਭਾਗ ਵੱਲੋਂ ਸਰਕਾਰੀ ਕਾਲਜ ਰੂਪਨਗਰ ਦੇ ਸਹਿਯੋਗ ਨਾਲ ਦੋ ਰੋਜ਼ਾ ਯੁਵਕ ਮੇਲਾ ਅੱਜ ਧੂਮ ਧੜੱਕੇ ਨਾਲ ਆਰੰਭ ਹੋ ਗਿਆ। ਮੇਲੇ ਵਿਚ ਕੈਪਟਨ ਮਨਤੇਜ ਸਿੰਘ ਚੀਮਾ ਮੁੱਖ ਮਹਿਮਾਨ ਅਤੇ ਡਾ: ਜਸਬੀਰ ਕੌਰ ਵਾਇਸ ਪ੍ਰਿੰਸੀਪਲ ਸਰਕਾਰੀ ਕਾਲਜ ਰੂਪਨਗਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਕੈਪਟਨ ਚੀਮਾ ਨੇ ਕਿਹਾ ਕਿ ਅਜਿਹੇ ਯੁਵਕ ਮੇਲੇ ਕੌਮੀ ਏਕਤਾ ਲਈ ਸਹਾਈ ਹੁੰਦੇ ਹਨ ਵਿਦਿਆਰਥੀਆਂ ਨੂੰ ਇਨ੍ਹਾਂ ਮੇਲਿਆਂ ਰਾਹੀਂ ਆਪਣੀ ਸ਼ਖਸ਼ੀਅਤ ਨਿਖਾਰਨ ਦਾ ਮੌਕਾ ਮਿਲਦਾ ਹੈ ਉਨ੍ਹਾਂ ਆਏ ਟੀਮ ਇੰਚਾਰਜ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਡਾ: ਜਸਬੀਰ ਕੌਰ ਨੇ ਕਾਲਜ ਵਿਖੇ ਕਰਵਾਏ ਜਾ ਰਹੇ ਇਸ ਯੁਵਕ ਮੇਲੇ ਲਈ ਯੁਵਕ ਸੇਵਾਵਾਂ ਵਿਭਾਗ ਪੰਜਾਬ ਦਾ ਧੰਨਵਾਦ ਕੀਤਾ। ਪ੍ਰੋ: ਜਤਿੰਦਰ ਸਿੰਘ ਗਿੱਲ ਨੇ ਕਿਹਾ ਕਿ ਅਜਿਹੇ ਮੌਕੇ ਵਿਦਿਆਰਥੀਆਂ ਨੂੰ ਅਨੁਸ਼ਾਸਨ ਵਿਚ ਰਹਿੰਦਿਆਂ ਆਪਣੀ ਪ੍ਰਤਿਭਾ ਉਸਾਰਨ ਲਈ ਸਹਾਈ ਹੁੰਦੇ ਹਨ। ਮੇਲੇ ਦੇ ਪਹਿਲੇ ਦਿਨ ਗਿੱਧੇ ਵਿਚ ਸਰਕਾਰੀ ਕਾਲਜ ਰੋਪੜ ਨੇ ਪਹਿਲਾ, ਬਾਬਾ ਜੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਕਾਲਜ ਮੋਰਿੰਡਾ ਨੇ ਦੂਜਾ ਸਥਾਨ ਹਾਸਲ ਕੀਤਾ। ਪੁਰਾਤਨ ਪਹਿਰਾਵੇ ਵਿਚ ਬੇਲਾ ਕਾਲਜ ਦੀ ਹਰਜੀਤ ਕੌਰ ਨੇ ਪਹਿਲਾ, ਸਰਕਾਰੀ ਕਾਲਜ ਰੋਪੜ ਦੀ ਗਗਨਪ੍ਰੀਤ ਕੌਰ ਨੇ ਦੂਜਾ ਸਥਾਨ ਭਾਸ਼ਨ ਪ੍ਰਤੀਯੋਗਤਾ ਸਰਕਾਰੀ ਕਾਲਜ ਨਯਾ ਨੰਗਲ ਦੀ ਹਰਸ਼ਪ੍ਰੀਤ ਕੌਰ ਪਹਿਲੇ ਅਤੇ ਸਰਕਾਰੀ ਕਾਲਜ ਰੂਪਨਗਰ ਦੀ ਦਵਿੰਦਰ ਦੂਸਰੇ ਸਥਾਨ 'ਤੇ ਰਹੀ। ਫੁਲਕਾਰੀ ਕੱਢਣ ਵਿਚ ਸੰਦੀਪ ਕੌਰ ਮੋਰਿੰਡਾ ਕਾਲਜ ਪਹਿਲੇ, ਵਿਸ਼ਾਖਾ ਖਾਲਸਾ ਕਾਲਜ ਅਨੰਦਪੁਰ ਦੂਸਰੇ, ਨਾਲੇ ਬੁਣਨ ਵਿਚ ਖਾਲਸਾ ਕਾਲਜ ਮੋਰਿੰਡਾ ਦੀ ਕਿਰਨਦੀਪ ਕੌਰ ਪਹਿਲੇ ਅਤੇ ਅਨੰਦਪੁਰ ਸਾਹਿਬ ਖਾਲਸਾ ਕਾਲਜ ਦੀ ਰੁਪਿੰਦਰ ਦੂਜੇ, ਪੀੜ੍ਹੀ ਬੁਣਨ ਵਿਚ ਮਨਪ੍ਰੀਤ ਕੌਰ ਬੇਲਾ ਕਾਲਜ ਪਹਿਲੇ ਨਿਧੀ ਕੁਮਾਰ ਅਨੰਦਪੁਰ ਸਾਹਿਬ ਖਾਲਸਾ ਕਾਲਜ ਅਤੇ ਚੰਚਲ ਸ਼ਿਵਾਲਿਕ ਹਿਲਜ ਕਾਲਜ ਪੱਟੀ ਨੇ ਦੂਸਰਾ ਸਥਾਨ, ਛਿੱਕੂ ਬਣਾਉਣ ਵਿਚ ਰਾਜਬੀਰ ਕੌਰ ਖਾਲਸਾ ਕਾਲਜ ਅਨੰਦਪੁਰ ਨੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਪੱਖੀ ਬੁਣਨ ਵਿਚ ਜਗਤਾਰ ਸਿੰਘ ਖਾਲਸਾ ਕਾਲਜ ਨੇ ਪਹਿਲਾ ਅਤੇ ਸੋਨੀਆ ਰਾਣੀ ਖਾਲਸਾ ਕਾਲਜ ਮਰਿੰਡਾ ਨੇ ਦੂਸਰਾ ਸਥਾਨ ਹਾਸਲ ਕੀਤਾ। ਬੇਕਾਰ ਵਸਤੂਆਂ ਦੇ ਸਦਉਪਯੋਗ ਕਰਨ ਦੇ ਮੁਕਾਬਲੇ ਵਿਚ ਸੁਮਨ ਰਾਣੀ ਖਾਲਸਾ ਕਾਲਜ ਮੋਰਿੰਡਾ ਹਰਪ੍ਰੀਤ ਕੌਰ ਖਾਲਸਾ ਕਾਲਜ ਅਨੰਦਪੁਰ ਨੇ ਦੂਜਾ ਸਥਾਨ ਹਾਸਲ ਕੀਤਾ। ਗਿੱਧੇ ਲਈ ਪਰਮਜੀਤ ਕੌਰ, ਹਰਦੀਪ ਕੌਰ ਅਤੇ ਪ੍ਰੋ: ਰਵਨੀਤ ਕੌਰ, ਭਾਸ਼ਨ ਪ੍ਰਤੀਯੋਗਤਾ ਲਈ ਪ੍ਰੋ: ਸੁਖਵਿੰਦਰ ਕੌਰ, ਪ੍ਰੋ: ਮਨਜਿੰਦਰ ਕੌਰ ਅਤੇ ਡਾ: ਸੋਨਦੀਪ ਮੋਂਗਾ ਨੇ ਅਤੇ ਰਵਾਇਤੀ ਲੋਕ ਕਲਾਵਾਂ ਲਈ ਪ੍ਰੋ: ਜਸਬੀਰ ਕੌਰ, ਡਾ: ਚਰਨਜੀਤ ਕੌਰ ਅਤੇ ਪ੍ਰੋ: ਅਰਵਿੰਦਰ ਕੌਰ ਨੇ ਜੱਜ ਵਜੋਂ ਨਿਭਾਈ। ਮੰਚ ਸੰਚਾਲਨ ਡਾ: ਨਿਰਮਲ ਬਰਾੜ ਅਤੇ ਡਾ: ਜਤਿੰਦਰ ਕੁਮਾਰ ਨੇ ਬਾਖੂਬੀ ਕੀਤਾ। ਇਸ ਮੌਕੇ ਯੁਵਕ ਸੇਵਾਵਾਂ ਵਿਭਾਗ ਦੇ ਜਗਜੀਤ ਸਿੰਘ ਰੰਧਾਵਾ, ਪ੍ਰੋ: ਬੀ. ਐਸ. ਸਤਿਆਲ, ਡਾ: ਜਗਜੀਤ ਸਿੰਘ, ਡਾ: ਦਲਵਿੰਦਰ ਸਿੰਘ, ਪ੍ਰੋ: ਨਵਨੀਤ ਕੌਰ ਅਤੇ ਕਾਲਜ ਦਾ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਵੀ ਸ਼ਮੂਲੀਅਤ ਕੀਤੀ।




ਜੇਤੂ ਟਰਾਫੀ ਨਾਲ ਸਰਕਾਰੀ ਕਾਲਜ ਰੂਪਨਗਰ ਦੀ ਗਿੱਧਾ ਟੀਮ ਦੀਆਂ ਮੁਟਿਆਰਾਂ , ਮੁੱਖ ਮਹਿਮਾਨ ਅਤੇ ਪ੍ਰਬੰਧਕ। ਤਸਵੀਰ : ਕਮਲ ਭਾਰਜ